ਬੱਚਿਆਂ ਲਈ ਬਾਈਬਲ

ਉਪੱਸਥਿਤ



# ਜਿਸੂ ਲਈ ਇੱਕ ਭਿਆਨਕ ਸਮਾਂ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਬਦਲਿਆ ਗਿਆ : M. Maillot; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਜਦ ਯਿਸੂ ਨੇਂ
ਬਪਤਿਸਮਾਂ ਲਿਆ,
ਤਾਂ ਪਰਮੇਸ਼ਵਰ ਨੇਂ
ਆਖਿਆ। ਉਸਨੇਂ
ਆਖਿਆ, “ਇਹ ਮੇਰਾ
ਪਿਆਰਾ ਪੁੱਤਰ ਹੈ। ਮੈਂ
ਇਸ ਤੋਂ ਬਹੁਤ ਪ੍ਰਸੰਨ
ਹਾਂ।” ਪਰਮੇਸ਼ਵਰ ਦਾ
ਪਵਿੱਤਰ ਆਤਮਾ ਯਿਸੂ
ਤੇ ਕਬੂਤਰ ਦੇ ਰੂਪ
ਵਿੱਚ ਉਤਰਿਆ।




ਤੁਰੰਤ ਬਆਦ, ਪਰਮੇਸ਼ਵਰ ਦਾ ਆਤਮਾਂ ਯਿਸੂ ਨੂੰ ਜੰਗਲ ਵੱਲ ਲੈ ਗਿਆ। ਯਿਸੂ ਇਕੱਲਾ ਸੀਂ।

ਯਿਸੂ ਨੇਂ ਚਾਲੀ ਦਿਨ ਉਪਵਾਸ ਰੱਖਿਆ।
ਇਹਦਾ ਮਤਲਬ ਕੀ ਉਸਨੇਂ ਕੁਝ ਭੋਜਨ
ਨਹੀਂ ਖਾਦਾ। ਉਸਨੂੰ ਬਹੁਤ ਭੁੱਖ ਲੱਗੀ।



ਬਾਈਬਲ ਦੱਸਦੀ ਹੈ ਕੀ ਉਥੇ
ਜੰਗਲੀ ਜਾਨਵਰ ਵੀ ਸਨ।



ਸ਼ੈਤਾਨ ਯਿਸੂ ਨੂੰ ਪਰਤਾਉਣ ਲਈ ਆਇਆ। ਬਹੁਤ ਸਮੇਂ ਪਹਿਲਾਂ, ਉਸਨੇਂ ਆਦਮ ਅਤੇ ਹਵਾ ਨੂੰ ਅਦਨ ਦੇ ਬਾਗ ਵਿੱਚ ਪਰਮੇਸ਼ਵਰ ਦੇ ਹੁਕਮ ਦੀ ਉਲੰਗਣਾ ਕਰਨ ਲਈ ਪਰਤਾਇਆ ਸੀਂ। ਹੁਣ ਯਿਸੂ



ਪਰਤਾਇਆ ਜਾਵੇਗਾ।


ਸ਼ੈਤਾਨ ਪਰਮੇਸ਼ਵਰ ਦੇ
ਪੁੱਤਰ ਯਿਸੂ ਨੂੰ ਵੀ
ਪਰਤਾਉਣ ਦੀ ਕੋਸ਼ਿਸ਼
ਕਰ ਰਿਹਾ ਸੀਂ।


ਸ਼ੈਤਾਨ ਨੇਂ ਆਖਿਆ,
“ਜੇਕਰ ਤੂੰ ਪਰਮੇਸ਼ਵਰ ਦਾ ਪੁੱਤਰ ਹੈਂ, ਤਾਂ ਇਹਨਾਂ ਪੱਥਰਾਂ ਨੂੰ ਕਹਿ ਕੀ ਰੋਟੀ ਬਣ ਜਾਣ।” ਉਹ ਜਾਣਦਾ ਸੀਂ ਯਿਸੂ ਭੁੱਖਾ ਹੈ। ਉਹ ਜਾਣਦਾ ਸੀਂ ਕੀ ਪਰਮੇਸ਼ਵਰ ਦਾ ਪੁੱਤਰ ਪੱਥਰਾਂ ਤੋਂ ਰੋਟੀ ਬਣਾ ਸਕਦਾ
ਹੈ। ਕੀ ਯਿਸੂ ਸ਼ੈਤਾਨ ਦੀ ਗੱਲ ਮੰਨੇਗਾ?

ਨਹੀਂ! ਯਿਸੂ ਨੇਂ ਸ਼ੈਤਾਨ ਦੀ ਗੱਲ ਨਹੀਂ ਮੰਨੀਂ।
ਉਸਦੀ ਬਜਾਏ, ਉਸਨੇਂ ਪਰਮੇਸ਼ਵਰ ਦੇ
ਵਚਨ ਵਿੱਚੋਂ ਉੱਤਰ ਦਿੱਤਾ।



“ਮਨੁੱਖ ਕੇਵਲ ਰੋਟੀ ਨਾਲ ਜਿਉਂਦਾ ਨਹੀਂ ਰਹੇਗਾ ਪਰ ਹਰੇਕ ਵਚਨ ਨਾਲ ਜਿਹੜਾ ਪਰਮੇਸ਼ਵਰ ਦੇ ਮੁੱਖੋਂ ਨਿਕਲਦਾ ਹੈ”।



ਫਿਰ ਸ਼ੈਤਾਨ ਯਿਸੂ ਨੂੰ ਮਹਾਨ ਸ਼ਹਿਰ ਯਰੂਸ਼ਲਮ ਦੀ ਪਵਿੱਤਰ ਹੈਕਲ ਤੇ ਜਿੱਥੇ ਲੋਕ ਪਰਮੇਸ਼ਵਰ ਦੀ ਉਪਾਸਨਾਂ ਕਰਦੇ ਸੀਂ, ਲੈ ਗਿਆ। ਹੁਣ ਸ਼ੈਤਾਂਨ ਅੱਗੇ ਕੀ ਕਰੇਗਾ?



ਸ਼ੈਤਾਨ ਨੇ ਆਖਿਆ, “ਜੇਕਰ ਤੂੰ
ਪਰਮੇਸ਼ਵਰ ਦਾ ਪੁੱਤਰ ਹੈਂ, ਤਾਂ ਆਪਣੇ
ਆਪ ਨੂੰ ਹੇਠਾਂ ਸੁੱਟ ਦੇਹ,” “ਉਸਦਾ
ਵਚਨ ਕਹਿੰਦਾ ਹੈ ਕੀ ਦੂਤ ਤੇਰੀ
ਰੱਖਿਆ ਕਰਣਗੇ।”



“ਨਹੀਂ”! ਯਿਸੂ ਨੇਂ ਉਤਰ ਦਿੱਤਾ। “ਇਹ ਵੀ ਲਿਖਿਆ ਹੈ...ਤੂੰ ਪ੍ਰਭੂ ਆਪਣੇ ਪਰਮੇਸ਼ਵਰ ਨੂੰ ਨਾਂ ਪਰਤਾ।”





ਸ਼ੈਤਾਨ ਨੇਂ ਫਿਰ ਕੋਸ਼ਿਸ਼ ਕੀਤੀ। ਉਹ
ਯਿਸੂ ਨੂੰ ਸ਼ਹਿਰ ਦੇ ਬਾਹਰ ਬਹੁਤ ਉੱਚੇ
ਪਹਾੜ ਦੀ ਚੋਟੀ ਤੇ ਲੈ ਗਿਆ।

ਯਿਸੂ ਨੂੰ ਧਰਤੀ ਦੇ ਸਾਰੇ ਰਾਜਪਾਠਾਂ ਦੀ ਮਹਿਮਾਂ ਵਿਖਾਉਣ ਤੋਂ ਬਾਅਦ, ਸ਼ੈਤਾਨ ਨੇਂ ਆਖਿਆ, “ਮੈਂ ਇਹ ਸਾਰਾ ਕੁਝ ਤੈਨੂੰ ਦਿਆਂਗਾ, ਜੇਕਰ ਤੂੰ ਮੈਨੂੰ ਝੁਕ ਕੇ ਪਰਣਾਮ ਕਰੇਂਗਾ।”



ਯਿਸੂ ਨੇਂ ਆਗਿਆ ਦਿੱਤੀ, “ਹੇ ਸ਼ੈਤਾਨ! ਮੇਰੇ ਕੋਲੋਂ ਦੂਰ ਹੋ ਜਾਹ।”



"ਇਹ ਲਿਖਿਆ ਹੈ...ਤੈਂ ਆਪਣੇ ਪਰਮੇਸ਼ਵਰ ਯਹੋਵਾ ਦੀ ਅਰਾਧਨਾ ਕਰ ਅਤੇ ਸਿਰਫ ਉਸੇ ਦੀ ਹੀ ਸੇਵਾ ਕਰ।"



ਸ਼ੈਤਾਨ ਕੁਝ ਦੇਰ ਲਈ
ਯਿਸੂ ਨੂੰ ਇਕੱਲਿਆ
ਛੱਡ ਦਿੱਤਾ।
ਉਸ ਸਮੇਂ
ਕੁਝ ਅਦਭੁਤ
ਹੋਇਆ।



ਪਰਮੇਸ਼ਵਰ ਨੇਂ ਦੂਤਾਂ ਨੂੰ ਘੱਲਿਆ ਕੀ ਉਸਦੇ ਪੁੱਤਰ ਯਿਸੂ ਦੀ ਸੇਵਾ ਕਰਨ ਅਤੇ ਉਸਦਾ ਧਿਆਨ ਰੱਖਣ ਜਿਸਨੇਂ ਸ਼ੈਤਾਨ ਦੀ ਗੱਲ ਨਹੀਂ ਮੰਨੀਂ।



# ਯਿਸੂ ਲਈ ਇੱਕ ਭਿਆਨਕ ਸਮਾਂ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜੀਲ 4, ਲੂਕਾ ਦੀ ਇੰਜੀਲ 4

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜਿ਼ਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰ਼ੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16